ISSN: 2584-0509


# ਸਹਿਜ,ਸੰਜਮ ਅਤੇ ਸਿਰੜ ਦੀ ਤ੍ਰਿਵੈਣੀ ਡਾ. ਅਟਵਾਲ



ਡਾ.ਲਖਵਿੰਦਰ ਸਿੰਘ ਜੌਹਲ
20 ਪ੍ਰੋਫ਼ੈਸਰ ਕਲੋਨੀ
144001
+91 9417194812

ਡਾਕਟਰ ਹਰਜਿੰਦਰ ਸਿੰਘ ਅਟਵਾਲ ਦਾ ਵਿਛੋੜਾ ਏਨਾ ਅਚਾਨਕ ਸੀ ਕਿ ਜਿਸ ਨੇ ਵੀ ਇਹ ਖ਼ਬਰ ਸੁਣੀ ਭੌਚੱਕਾ ਰਹਿ ਗਿਆ। ਆਪਣੀ ਸਿਹਤ ਪ੍ਰਤੀ ਸੁਹਿਰਦ, ਅਨੁਸਾਸ਼ਨੀ ਅਤੇ ਪਰਹੇਜ਼ੀ ਵਿਅਕਤੀ ਦਾ ਏਦਾਂ ਚਲੇ ਜਾਣਾ ਇਕ ਅਚੰਭਾ ਹੀ ਹੈ[

ਐਤਵਾਰ 30 ਮਾਰਚ 2025 ਦਾ ਸਾਰਾ ਦਿਨ ਉਹ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਦੇ ਜਨਰਲ ਇਜਲਾਸ ਦਾ ਕੇਂਦਰੀ ਬਿੰਦੂ ਸੀ। ਸਾਰੇ ਮੈਂਬਰਾਂ ਨਾਲ ਹੱਸ ਹੱਸ ਗੱਲਾਂ ਕਰਦਾ। ਇਜਲਾਸ ਵਿੱਚ ਮਤੇ ਪੇਸ਼ ਕਰਦਾ ਹੋਇਆ ਮਤਿਆਂ ਦੀ ਵਿਆਖਿਆ ਕਰਦਾ। ਇਜਲਾਸ ਦੀ ਸਮਾਪਤੀ ਉੱਤੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਾ ਹੋਇਆ, ਇਜਲਾਸ ਦੀ ਸਫ਼ਲਤਾ ਤੇ ਸੰਤੁਸ਼ਟੀ ਪ੍ਰਗਟ ਕਰਦਾ।......31 ਮਾਰਚ ਦੀ ਸਵੇਰ ਨੂੰ 8 ਵਜੇ ਤੋਂ 9 ਵਜੇ ਤੱਕ ਮੇਰੀ ਉਸ ਨਾਲ ਤਿੰਨ ਵਾਰ ਫੋਨ ਉੱਤੇ ਗੱਲ ਹੋਈ... ਕੇਂਦਰੀ ਪੰਜਾਬੀ ਲੇਖਕ ਸਭਾ ਦੀ ਮੀਟਿੰਗ ਵਿੱਚ ਜਾਣ ਸੰਬੰਧੀ, ਪ੍ਰੇਮ ਪ੍ਰਕਾਸ਼ ਦੇ ਸੰਸਕਾਰ ਉੱਤੇ ਜਾਣ ਸੰਬੰਧੀ, ਅਤੇ 6 ਅਪ੍ਰੈਲ ਨੂੰ ਪੰਜਾਬੀ ਲੇਖਕ ਸਭਾ ਜਲੰਧਰ ਵੱਲੋਂ ਕੀਤੇ ਜਾਣ ਵਾਲੇ ਸਮਾਗਮ ਸੰਬੰਧੀ... ਆਪਣੀ ਸਿਹਤ ਬਾਰੇ ਉਹ ਏਨਾ ਹੀ ਕਹਿੰਦਾ ਹੈ.."ਅੱਜ ਤਬੀਅਤ ਕੁਝ ਠੀਕ ਨਹੀਂ ਹੈ, ਮੈਂ ਮੀਟਿੰਗ ਲਈ ਸਕੂਟਰ ਤੇ ਨਹੀਂ ਜਾਵਾਂਗਾ ਤੂੰ ਮੈਨੂੰ ਪ੍ਰੇਮ ਪ੍ਰਕਾਸ਼ ਦੇ ਸੰਸਕਾਰ ਤੋਂ ਬਾਅਦ ਦੇਸ਼ ਭਗਤ ਯਾਦਗਾਰ ਹਾਲ ਛੱਡ ਦੇਵੀਂ... ਆ ਮੈਂ ਆਪੇ ਜਾਵਾਂਗਾ।"... 9 ਵਜੇ ਵਾਲਾ ਫੋਨ ਉਹ ਹਸਪਤਾਲ ਨੂੰ ਜਾਂਦਿਆਂ ਰਾਹ ਵਿੱਚੋਂ ਕਾਰ ਵਿੱਚ ਬੈਠਾ ਕਰਦਾ ਹੈ.. ਕਹਿਣ ਲੱਗਾ "ਮੈਂ ਚੈੱਕ- ਅਪ ਕਰਵਾਉਣ ਜਾ ਰਿਹਾਂ, ਜੋ ਡਾਕਟਰ ਕਹੇਗਾ ਤੈਨੂੰ ਦੱਸ ਦਿਆਂਗਾ।"
ਮੈਂ ਪੁੱਛਦਾ ਹਾਂ "ਇਕੱਲੇ ਜਾ ਰਹੇ ਹੋ? ਕਹਿੰਦਾ "ਨਹੀਂ ਬੇਟਾ ਤੇ ਅਮਨਜੀਤ (ਪਤਨੀ) ਨਾਲ ਹਨ। "ਮੈਂ ਕਿਹਾ "ਮੈਂ ਵੀ ਆਵਾਂ?" ਕਹਿੰਦਾ "ਕੋਈ ਲੋੜ ਨਹੀਂ ਹੈ, ਲੋੜ ਪਈ ਤਾਂ ਦੱਸ ਦਿਆਂਗੇ" ਸਵਾ ਕੁ ਨੌਂ ਵਜੇ ਉਸ ਦੇ ਬੇਟੇ ਹਰਮਿੰਦਰ (ਰਸੂਲ) ਦਾ ਮੇਰੇ ਬੇਟੇ ਜਸ਼ਨ ਨੂੰ ਫੋਨ ਆਉਂਦਾ ਹੈ "ਹਸਪਤਾਲ ਆ ਜਾਓ"...... ਮੈਂ ਤੇ ਬੇਟਾ ਤੁਰੰਤ ਹਸਪਤਾਲ ਨੂੰ ਤੁਰ ਪੈਂਦੇ ਹਾਂ, ਰਾਹ ਵਿੱਚੋਂ ਮੈਂ ਉਮਿੰਦਰ ਨੂੰ ਵੀ ਫੋਨ ਕਰ ਦਿੰਦਾ ਹਾਂ। ਸਾਢੇ ਕੁ 9 ਵਜੇ ਅਸੀਂ ਹਸਪਤਾਲ ਪਹੁੰਚਦੇ ਹਾਂ। ਡਾਕਟਰ ਜ਼ੋਰ ਜ਼ੋਰ ਨਾਲ ਪੰਪਿੰਗ ਕਰ ਰਹੇ ਹਨ, ਹਾਰਟ ਕੋਈ ਹੁੰਗਾਰਾ ਨਹੀਂ ਦੇ ਰਿਹਾ। ਉਮਿੰਦਰ ਵੀ ਪਹੁੰਚ ਜਾਂਦਾ ਹੈ... ਦੇਖਦੇ ਹੀ ਦੇਖਦੇ ਉਮੀਦ ਦੀ ਆਖਰੀ ਕਿਰਨ ਵੀ ਅਲੋਪ ਹੋ ਜਾਂਦੀ ਹੈ.....

ਆਪਣੇ ਕੰਮ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਰਹਿਣ ਵਾਲਾ ਹਰਜਿੰਦਰ ਸਿੰਘ ਅਟਵਾਲ ਇੱਕ



www.khojnama.com khojnamapb03@gmail.com

ਹਰਮਨ ਪਿਆਰਾ ਅਧਿਆਪਕ ਸੀ, ਪ੍ਰਬੁੱਧ ਆਲੋਚਕ ਸੀ, ਸਮਰੱਥ ਜਥੇਬੰਦਕ ਸੀ...ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਵਜੋਂ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਦੇ ਸਕੱਤਰ ਵਜੋਂ, ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਵਜੋਂ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਜੀਵਨ ਮੈਂਬਰ ਵਜੋਂ, ਅਤੇ ਭੋਗਪੁਰ ਪੰਜਾਬੀ ਸਾਹਿਤ ਸਭਾ ਦੇ ਬਾਨੀ ਵਜੋਂ ਨਿਭਾਈਆਂ ਗਈਆਂ ਉਸ ਦੀਆਂ ਸੇਵਾਵਾਂ ਹਮੇਸ਼ਾ ਯਾਦ ਰੱਖੀਆਂ ਜਾਣਗੀਆਂ। ਉਸਦੀ ਕਲਮ ਦੀ ਨੋਕ ਵਿੱਚੋਂ ਨਿਕਲੀਆਂ ਕਿਤਾਬਾਂ ਵਿੱਚ ਸ਼ਾਹ ਹੁਸੈਨ, ਸੰਤੋਖ ਸਿੰਘ ਧੀਰ ਅਤੇ ਸੁਜਾਨ ਸਿੰਘ ਦੀਆਂ ਰਚਨਾਵਾਂ ਦੀ ਆਲੋਚਨਾ, ਪੰਜਾਬੀ ਨਾਇਕ ਦੇ ਸੰਕਲਪ ਅਤੇ ਵਿਹਾਰ, ਪ੍ਰਵਾਸੀ ਸਾਹਿਤ ਚਿੰਤਨ ਅਤੇ ਹਾਸ਼ੀਏ ਤੇ ਧੱਕੇ ਗਏ ਆਮ ਲੋਕਾਂ ਦੇ ਨਾਮ ਲਿਖੀ ਗਈ ਉਸਦੀ ਵਾਰਤਕ ਪੁਸਤਕ "ਲੋਕ ਵੇਦਨਾ" ਪ੍ਰਮੁੱਖ ਹਨ।

...ਮੇਰੇ ਨਾਲ ਉਸ ਦੀ ਜਾਣ ਪਛਾਣ 70ਵਿਆਂ ਦੇ ਆਖ਼ਰੀ ਅੱਧ ਤੋਂ ਸ਼ੁਰੂ ਹੋਈ ਸੀ, ਜਦੋਂ ਮੈਂ "ਨਵਾਂ ਜ਼ਮਾਨਾ" ਵਿੱਚ ਉਪ ਸੰਪਾਦਕ-ਕਮ-ਮੈਗ਼ਜ਼ੀਨ ਸੰਪਾਦਕ ਸਾਂ। ਉਹ ਪੰਜਾਬੀ ਲੈਕਚਰਾਰ ਵਜੋਂ ਟਾਂਡਾ, ਜ਼ੀਰਾ ਅਤੇ ਫ਼ਰੀਦਕੋਟ ਦੇ ਸਰਕਾਰੀ ਕਾਲਜਾਂ ਵਿੱਚ ਘੁੰਮ ਘੁਮਾ ਕੇ ਲਾਇਲਪੁਰ ਖਾਲਸਾ ਕਾਲਜ ਵਿਖੇ ਪਹੁੰਚ ਗਿਆ ਸੀ। ਕਾਮਰੇਡ ਗੁਰਮੀਤ ਨਾਲ ਉਸ ਦੀ ਭੋਗਪੁਰ ਤੋਂ ਹੀ ਵਾਕਫ਼ੀਅਤ ਹੋਣ ਕਾਰਨ ਉਹ "ਨਵਾਂ ਜ਼ਮਾਨਾ" ਅਕਸਰ ਆਉਂਦਾ ਤਾਂ ਮੇਰੇ ਨਾਲ ਵੀ ਗੱਲਾਂ ਦਾ ਸਬੱਬ ਬਣਿਆ ਰਹਿੰਦਾ। ਉਸਦੇ ਵਿਦਿਆਰਥੀ ਅਤੇ ਭੋਗਪੁਰ ਇਲਾਕੇ ਦੇ ਉਭਰ ਰਹੇ ਸਾਹਿਤਕਾਰ ਬਲਬੀਰ ਮਾਧੋਪੁਰੀ ਅਤੇ ਗੁਰਵਿੰਦਰ ਮਾਣਕ ਵੀ ਇਹਨਾਂ ਦਿਨਾਂ ਵਿੱਚ ਹੀ "ਨਵਾਂ ਜ਼ਮਾਨਾ" ਆਉਣ ਲੱਗ ਪਏ ਸਨ। ਵਾਕਫ਼ੀਅਤਾਂ ਦੋਸਤੀਆਂ ਵਿੱਚ ਬਦਲਣ ਲੱਗੀਆਂ। "ਨਵਾਂ ਜ਼ਮਾਨਾ" ਦੇ ਸਫ਼ਿਆਂ ਉੱਤੇ ਇਹਨਾਂ ਸਾਰਿਆਂ ਦੇ ਨਾਮ ਚਮਕਣ ਲੱਗੇ। ਰਚਨਾਵਾਂ ਛਪਣ ਲੱਗੀਆਂ। ਮਾਧੋਪੁਰੀ ਤੇ ਗੁਰਵਿੰਦਰ ਮਾਣਕ ਪੜ੍ਹਾਈ ਮੁਕੰਮਲ ਕਰਕੇ ਆਪੋ ਆਪਣੀਆਂ ਨੌਕਰੀਆਂ ਵਿੱਚ ਚਲੇ ਗਏ। ਗੁਰਵਿੰਦਰ ਸਕੂਲ ਅਧਿਆਪਕ ਬਣ ਗਿਆ, ਬਲਬੀਰ ਮਾਧੋਪੁਰੀ ਪੀ.ਆਈ.ਬੀ ਜਲੰਧਰ ਵਿਖੇ ਇਨਫਰਮੇਸ਼ਨ ਆਫ਼ੀਸਰ ਬਣ ਗਿਆ ਤੇ ਮੈਂ "ਨਵਾਂ ਜ਼ਮਾਨਾ ਤੋਂ "ਅਜੀਤ" ਰਾਹੀਂ ਹੁੰਦਾ ਹੋਇਆ ਦੂਰਦਰਸ਼ਨ ਦੇ ਤਲਿਸਮ ਵਿੱਚ ਪਹੁੰਚ ਗਿਆ....

ਨੌਕਰੀਆਂ ਅਤੇ ਦੋਸਤੀਆਂ ਦਾ ਤਾਲਮੇਲ ਆਪਣੀ ਚਾਲੇ ਚੱਲਦਾ ਗਿਆ। ਤੇ ਫੇਰ 80ਵਿਆਂ ਦੇ ਅੱਧ ਵਿੱਚ ਇਕ ਦਿਨ "ਪ੍ਰੋਫ਼ੈਸਰ ਮੋਹਨ ਸਿੰਘ ਮੇਲੇ" ਉੱਤੇ ਅਸੀਂ ਲੁਧਿਆਣੇ ਇਕੱਠੇ ਹੋਏ।

ਰਘਬੀਰ ਸਿੰਘ ਸਿਰਜਣਾ, ਵਰਿਆਮ ਸਿੰਘ ਸੰਧੂ, ਹਰਜਿੰਦਰ ਸਿੰਘ ਅਟਵਾਲ ਤੇ ਮੈਂ ਰਾਤ ਨੂੰ ਹਰਜਿੰਦਰ ਸਿੰਘ ਅਟਵਾਲ ਦੇ ਸਹੁਰੇ ਘਰ ਗੁਰਦੇਵ ਨਗਰ ਵਿਖੇ ਹੀ ਰੁਕ ਗਏ। ...
ਅਗਲੇ ਹਫ਼ਤੇ ਇਕ ਦਿਨ ਬਲਬੀਰ ਮਾਧੋਪੁਰੀ ਮੇਰੇ ਕੋਲ ਦੂਰਦਰਸ਼ਨ ਆਇਆ ਤੇ ਮੈਨੂੰ ਕਹਿਣ ਲੱਗਾ "ਤੂੰ ਆਪਣੇ ਵਿਆਹ ਬਾਰੇ ਕੀ ਸੋਚਿਆ?"...
ਮੈਂ ਆਪਣੇ ਹੀ ਅੰਦਾਜ਼ ਵਿੱਚ ਡਾਇਲਾਗ ਮਾਰਿਆ "ਵਿਆਹ ਬਾਰੇ ਸੋਚਣਾ ਕੀ ਹੁੰਦੈ! ਇਹ ਤਾਂ ਕਰਾਉਣਾ ਹੀ ਹੁੰਦੈ"...
ਅਸੀਂ ਦੋਵੇਂ ਖਿੜ ਖਿੜਾ ਕੇ ਹੱਸ ਪਏ। ਮਾਧੋਪੁਰੀ ਕਹਿਣ ਲੱਗਾ "ਮੈਂ ਤੇਰੇ ਨਾਲ ਅੱਜ ਵਿਆਹ ਮਿਸ਼ਨ ਬਾਰੇ ਸੀਰੀਅਸਲੀ ਗੱਲ ਕਰਨ ਆਇਆਂ।"... ਮੈਂ ਇਕਦਮ ਗੰਭੀਰ ਹੋ ਗਿਆ..."ਆਪਣੇ ਅਟਵਾਲ ਸਾਹਿਬ ਦੀ ਸਾਲੀ ਦਾ ਰਿਸ਼ਤਾ ਲੈ ਕੇ ਆਇਆਂ ਤੇਰੇ ਲਈ...." ਉਹਦੀ ਗੱਲ ਸੁਣ ਕੇ ਮੇਰੇ ਸਾਹਮਣੇ ਗੁਰਦੇਵ ਨਗਰ ਵਾਲਾ ਘਰ ਸਕਾਰ ਹੋ ਗਿਆ... ਮੈਂ ਮੁਸਕਰਾਇਆ ਤੇ ਏਨਾ ਹੀ ਬੋਲਿਆ... "ਸੋਚ ਲੈਂਦੇ ਆਂ"... ਹੁਣ ਮਾਧੋਪੁਰੀ ਮੁਸਕਰਾਇਆ ਅਤੇ ਉਸਨੇ ਮੇਰਾ ਹੀ ਡਾਇਲਾਗ ਦੁਹਰਾਇਆ... "ਸੋਚਣਾ ਕੀ ਹੁੰਦੈ ਕਰਨਾ ਹੀ ਹੁੰਦੈ!... ਮੈਂ ਅਟਵਾਲ ਸਾਹਿਬ ਨਾਲ ਗੱਲ ਕਰ ਲੈਨਾਂ"... ਦੋ ਕੁ ਮਹੀਨੇ ਬਾਅਦ ਹੀ ਅਟਵਾਲ ਸਾਹਿਬ ਅਤੇ ਮੈਂ ਸਾਢੂ ਬਣ ਗਏ... 1986 ਤੋਂ 2025 ਤੱਕ ਦੇ ਲਗਪਗ ਚਾਲੀ ਸਾਲਾਂ ਦੇ ਆਪਣੇ ਸੰਬੰਧਾਂ ਤੇ ਨਜ਼ਰ ਮਾਰਦਾ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਬਹੁਤ ਸਾਰੀਆਂ ਸੰਸਥਾਵਾਂ ਵਿੱਚ ਵਿਚਰਦਿਆਂ, ਸਾਂਝੀਆਂ ਰਿਸ਼ਤੇਦਾਰੀਆਂ ਭੁਗਤਾਉਦਿਆਂ, ਸਟੇਜਾਂ ਸਾਂਝੀਆਂ ਕਰਦਿਆਂ ਵੀ ਸਾਡੇ ਦੋਹਾਂ ਵਿਚਕਾਰ ਕਦੇ ਸਾਢੂਆਂ ਵਾਲਾ ਸਾੜਾ ਨਹੀਂ ਪਨਪਿਆ। ਇਹ ਡਾਕਟਰ ਅਟਵਾਲ ਦੀ ਸ਼ਖ਼ਸੀਅਤ ਦਾ ਵਡੱਪਣ ਹੀ ਸੀ, ਕਿ ਉਸਨੇ ਮੈਨੂੰ ਹਮੇਸ਼ਾ ਆਪਣਾ ਛੋਟਾ ਭਰਾ ਹੀ ਸਮਝਿਆ ਸੀ...
ਲਾਇਲਪੁਰ ਖਾਲਸਾ ਕਾਲਜ ਵਿੱਚੋਂ 2012 ਵਿੱਚ ਸੇਵਾ ਮੁਕਤ ਹੋ ਕੇ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਜਲੰਧਰ ਵਾਲੇ ਰਿਜ਼ਨਲ ਸੈਂਟਰ ਵਿੱਚ ਲੈਕਚਰਾਰ ਹੋ ਗਿਆ ਸੀ। ਜਿੱਥੇ ਲਗਭਗ ਅੱਠ ਸਾਲ ਤੱਕ ਉਸਨੇ ਸੇਵਾ ਨਿਭਾਈ ਤੇ ਫੇਰ ਬਲਬੀਰ ਪਰਵਾਨਾ ਵਲੋਂ "ਨਵਾਂ ਜ਼ਮਾਨਾ" ਦੀ ਸਾਹਿਤ ਸੰਪਾਦਨਾ ਛੱਡ ਜਾਣ ਉਪਰੰਤ ਉਹ ਆਪਣੇ ਪੁਰਾਣੇ ਦੋਸਤ ਗੁਰਮੀਤ ਦੀ ਸਲਾਹ ਉੱਤੇ ਹੀ "ਨਵਾਂ ਜ਼ਮਾਨਾ" ਦਾ ਸਾਹਿਤ ਸੰਪਾਦਕ ਬਣ ਗਿਆ ਸੀ। ਦੇਸ਼ ਭਗਤ ਯਾਦਗਾਰ ਹਾਲ ਦੀਆਂ ਸਰਗਰਮੀਆਂ ਵਿੱਚ ਪੂਰੀ ਤਰ੍ਹਾਂ ਤਨਦੇਹੀ ਨਾਲ ਜੁੱਟੇ

ਰਹਿਣਾ, "ਨਵਾਂ ਜ਼ਮਾਨਾ" ਦੇ ਸਾਹਿਤਕ ਅੰਕਾਂ ਅਤੇ ਵੈਬ ਚੈਨਲ ਨੂੰ ਪੂਰੀ ਇਕਾਗਰਤਾ ਨਾਲ ਅੱਗੇ ਵਧਾਉਣਾ ਉਸ ਦਾ ਆਦਰਸ਼ ਸੀ।

"ਨਵਾਂ ਜ਼ਮਾਨਾ" ਦੇ ਸਾਹਿਤਕ ਅੰਕਾਂ ਨੇ ਉਸ ਦੀ ਅਗਵਾਈ ਵਿੱਚ ਵੀ ਉਹ ਪਛਾਣ ਲਗਾਤਾਰ ਕਾਇਮ ਰੱਖੀ, ਜਿਸ ਲਈ ਸਾਹਿਤਕ ਹਲਕਿਆਂ ਵਿੱਚ "ਨਵਾਂ ਜ਼ਮਾਨਾ" ਹਮੇਸ਼ਾ ਜਾਣਿਆ ਜਾਂਦਾ ਰਿਹਾ ਹੈ।

ਮੈਂ ਗੱਲਾਂ ਹੀ ਗੱਲਾਂ ਵਿੱਚ ਕਈ ਵਾਰ ਉਸ ਨੂੰ ਮਜ਼ਾਕ ਕਰਦਾ- "ਅਟਵਾਲ ਸਾਹਿਬ ਮੇਰਾ ਕਰੀਅਰ ਜਿੱਥੋਂ ਸ਼ੁਰੂ ਹੋਇਆ ਸੀ, ਤੁਹਾਡਾ ਕਰੀਅਰ ਉਥੇ ਖਤਮ ਹੋਇਆ ਹੈ"! ਉਹ ਇਕਦਮ ਹੱਸਦਾ ਤੇ ਫਿਰ ਗੰਭੀਰ ਹੋ ਜਾਂਦਾ। ਹਾਸੇ ਵਿੱਚ ਵੀ ਗੰਭੀਰ ਬਣੇ ਰਹਿਣਾ ਉਸ ਦਾ ਸੁਭਾਅ ਸੀ। ਦੋਸਤੀਆਂ ਤੇ ਰਿਸ਼ਤੇਦਾਰੀਆਂ ਵਿੱਚ ਮੇਰੇ ਵੱਡੇ ਭਰਾ ਦੀ ਭੂਮਿਕਾ ਨਿਭਾਉਂਦਾ ਹੋਇਆ ਹਰਜਿੰਦਰ ਸਿੰਘ ਅਟਵਾਲ ਆਪਣੇ ਸਿਰੜ, ਸਹਿਜਤਾ ਅਤੇ ਸ਼ਾਲੀਨਤਾ ਕਰਕੇ ਹਮੇਸ਼ਾ ਮੇਰਾ ਪ੍ਰੇਰਨਾ ਸਰੋਤ ਰਿਹਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੀ 2023 ਵਾਲੀ ਚੋਣ ਤੋਂ ਪਹਿਲਾਂ ਮੈਂਬਰਸ਼ਿਪ ਦੀ ਸਕਰੂਟਨੀ ਦੇ ਵੰਗਾਰ ਭਰੇ ਕਾਰਜ ਨੂੰ ਜਿੰਨੀ ਕੁਸ਼ਲਤਾ ਅਤੇ ਨਿਰਪੱਖਤਾ ਨਾਲ ਉਸ ਨੇ ਨੇਪਰੇ ਚਾੜ੍ਹਿਆ ਸੀ, ਉਹ ਉਸ ਦਾ ਅਤਿ ਸ਼ਲਾਘਾਯੋਗ ਕਾਰਜ ਸੀ। ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੀਆਂ ਚੋਣਾਂ ਵਿੱਚ, ਜਿਸ ਉਮਾਹ ਤੇ ਉਤਸ਼ਾਹ ਨਾਲ ਅਸੀਂ ਦੋਵੇਂ ਇੱਕ ਦੂਸਰੇ ਦੇ ਪੂਰਕ ਬਣਦੇ ਰਹੇ, ਉਸ ਦੀ ਵੀ ਕੋਈ ਹੋਰ ਮਿਸਾਲ ਨਹੀਂ ਹੋ ਸਕਦੀ। ਉਸਦੇ ਚਲੇ ਜਾਣ ਨਾਲ ਜਿੱਥੇ ਅਗਾਹ-ਵਧੂ ਸਾਹਿਤਕ ਅਤੇ ਜਥੇਬੰਦਕ ਹਲਕਿਆਂ ਨੂੰ ਵੱਡਾ ਘਾਟਾ ਪਿਆ ਹੈ, ਉੱਥੇ ਮੇਰੇ ਲਈ ਨਿੱਜੀ ਤੌਰ ਤੇ ਵੀ ਇਹ ਘਾਟਾ ਅਸਹਿ ਤੇ ਅਕਹਿ ਹੈ।